## — ਪਾਤਰ —

ਸਿਪਾਹੀ

ਸੱਜ ਵਿਆਹੀ ਵਹੁਟੀ

ਇਕ ਅੱਠ ਕੁ ਸਾਲ ਦਾ ਮੁੰਡਾ

ਤੇ ਹੋਰ ਕੁਝ ਕਿਸਾਨ ਤੇ ਕੁੜੀਆਂ

# ਪਹਿਲਾ ਸੀਨ

(੧੯੪੩ ਵਿਚ ਇਕ ਪਿੰਡ ਦਾ ਗਰੀਬ ਕਿਸਾਨ ਘਰ-ਵਰਦੀ ਕਸੀ ਖਲੋਤੇ ਸਿਪਾਹੀ ਦਾ, ਸੱਜ ਵਿਆਹੀ ਵਹੁਟੀ ਪਲਾ ਫੜੀ ਬੈਠੀ ਹੈ ਤੇ ਉਹ ਨੂੰ ਜੰਗ ਵਿਚ ਜਾਣੋਂ ਰੋਕਦੀ ਹੈ-)

---

## ਵਹੁਟੀ-

ਹਾੜਾ ਤੈਨੂੰ ਹਾਂ ਮੈਂ ਮਹਿੰਦੀ ਵਾਲੇ ਹਥ ਜੋੜਦੀ
ਵੇ ਮਾਹੀਆ ਲਾਮ ਨੂੰ ਨਾਂਹ ਜਾ......
ਤੈਨੂੰ ਮੇਰੀ ਇਹ ਜਵਾਨੀ ਜਾਣੋਂ ਵੇਖ ਹੋੜਦੀ
ਵੇ ਮਾਹੀਆ ਲਾਮ ਨੂੰ ਨਾਂਹ ਜਾ......

---

ਮੇਰੇ ਥੀਨੇ ਵਿਚ ਖੇਡਦੇ ਹੋਏ ਚਾਵਾਂ ਵੱਲ ਵੇਖ
ਹੋਈਆਂ ਹੁਣੇ ਹੁਣੇ ਢੋਲਣਾਂ ਤੂੰ ਲਾਂਵਾਂ ਵੱਲ ਵੇਖ
ਤੈਨੂੰ ਜਾਂਦਾ ਵੇਖ ਮੇਰੀ ਪ੍ਰੀਤ ਜਾਨ ਤੋੜਦੀ-
ਵੇ ਮਾਹੀਆ ਲਾਮ ਨੂੰ ਨਾਂਹ ਜਾ......
ਹਾੜਾ ਤੈਨੂੰ ਹਾਂ......

---

ਸੂਹੇ ਚੂੜੇ ਤੇ ਜਵਾਨੀ ਵੇਖ ਪੈਲਾਂ ਪਾ ਰਹੀ
ਇਹਦੀ ਲਾਲੀ ਮੇਰੇ ਹਾਸਿਆਂ ਨੂੰ ਅੱਗ ਲਾ ਰਹੀ
ਇਸ ਅੱਗ ਵਿਚੋਂ ਉਠੀ ਹਰ ਲਾਟ ਮੋੜਦੀ–
ਵੇ ਮਾਹੀਆ ਲਾਮ ਨੂੰ ਨਾਂਹ ਜਾ....
ਹਾੜਾ ਤੈਨੂੰ ਹਾਂ....

---

ਤੇਰੇ ਬਿਨਾਂ ਖਾਲੀ ਵੇਹੜਾ, ਮੈਨੂੰ ਖਾਣ ਆਵੇਗਾ
ਵਹਿੰਦੇ ਹੰਝੂਆਂ ਨੂੰ ਕਿਹੜਾ ਆ ਕੇ ਬੰਨ੍ਹ ਲਾਵੇਗਾ
ਯਾਦ ਮੇਰੀ ਤੈਨੂੰ ਕਿਥੇ ਕਿਥੇ ਫਿਰੂ ਲੋੜਦੀ
ਵੇ ਮਾਹੀਆ ਲਾਮ ਨੂੰ ਨਾਂਹ ਜਾ......
ਹਾੜਾ ਤੈਨੂੰ ਹਾਂ......

---

## ਸਿਪਾਹੀ–

ਮੇਰਾ ਪਲਾ ਛੱਡ ਦੇ ਗੋਰੀਏ, ਐਵੇਂ ਰੋਕ ਨਾ ਮੇਰਾ ਰਾਹ
ਮੇਰੇ ਵਧਦੇ ਪੈਰਾਂ ਸਾਹਮਣੇ ਨਾਂਹ ਰੋ ਕੇ ਅੱਗ ਵਰਸਾ
ਨੀ ਮੈਂ ਰੀਝਾਂ ਹੁਣੇ ਸੁਆਲੀਆਂ, ਐਵੇਂ ਵੰਗਾਂ ਨਾ ਛਣਕਾ
ਚੂੜੇ ਦੀ ਲਾਲੀ ਚੂਸ ਨਾ, ਨਾਂਹ ਮਹਿੰਦੀ ਨੂੰ ਅੱਗ ਲਾ
ਐਵੇਂ ਹਿੰਮਤ ਆਪਣੀ ਡੇਗ ਕੇ, ਨਾ ਅਰਸ਼ ਨੂੰ ਫਰਸ਼ ਬਣਾ
ਕਿਹੜਾ ਤੈਥੋਂ ਭੁਲਿਆ ਗੋਰੀਏ, ਨੀ ਅੱਜ ਹਾਲ ਜ਼ਮਾਨੇ ਦਾ
ਦੋ ਕੂ ਵਿਗੇ ਜ਼ਮੀਨ ਸੀ ਆਪਣੀ, ਉਹ ਵੀ ਕੁਰਕ ਕਰਾ ਲਈ ਸ਼ਾਹ
ਸਾਡੇ ਕਿਲਿਉਂ ਦੌਲਤ ਖੁਲ੍ਹ ਗਈ, ਸਾਡੇ ਘਰ ਵਿਚ ਉਡੇ ਸਵਾਹ
ਮੇਰੀ ਮੇਹਨਤ ਵਿਕਣੋਂ ਰਹਿ ਗਈ, ਆਇਆ ਸ਼ਹਿਰ ਮੈਂ ਸਾਰਾ ਗਾਹ

ਇਸ ਵਿੱਤ ਨੂੰ ਝੁਲਸਣ ਵਾਸਤੇ, ਦਿਤੀ ਜਾਨ ਦੀ ਬਾਜ਼ੀ ਲਾ
ਜੇ ਮੈਂ ਵਾਪਸ ਮੁੜ ਕੇ ਆ ਗਿਆ, ਤੇਰੇ ਪੂਰੇ ਕਰਾਂਗਾ ਚਾ
ਨਹੀਂ ਤਾਂ ਜੀਕਣ ਹੋਵੇ ਗੋਰੀਏ, ਲਵੀਂ ਆਪਣੀ ਝਟ ਲੰਘਾ।

## ਵਹੁਟੀ–

ਭੁਖ ਨੰਗ ਤੇ ਬੇਕਾਰੀ ਦਾ ਜਦ ਚਿਹਰਾ ਸਾਂਹਵੇ ਆਵੇ
ਤੇਰਾ ਪੱਲਾ ਉਂਗਲਾਂ ਵਿਚੋਂ ਫਿਲਕ ਫਿਲਕ ਕੇ ਜਾਵੇ
ਤੈਨੂੰ ਰੋਕਣ ਦਾ ਜਜ਼ਬਾ ਵੀ ਡਿੱਗ ਡਿੱਗ ਝੋਲੇ ਖਾਵੇ
ਮਜਬੂਰੀ ਬੇ ਹਿੰਮਤੀ ਆ ਕੇ ਮੈਨੂੰ ਭਰੇ ਕਲਾਵੇ
ਚੰਗਾ ਮਾਹੀਆ ਜੇ ਚਲਿਆਂ ਏਂ, ਤੈਨੂੰ ਸਾਈਂ ਦੀਆਂ ਰੱਖਾਂ।
ਰਾਹ ਤਕਣਗੀਆਂ ਹੋ ਕੇ ਲੱਖਾਂ, ਇਹ ਦੋ ਮੇਰੀਆਂ ਅੱਖਾਂ।

ਪਰਦਾ)

# ਦੂਜਾ ਸੀਨ

(ਦੋ ਸਾਲ ਬਾਹਦ ਸਵਾ ਕੁ ਸਾਲ ਦੇ ਬਚੇ ਨੂੰ ਪੰਘੂੜੇ ਵਿਚ ਪਾਈ–ਸਿਪਾਹੀ ਦੀ ਵਹੁਟੀ ਪੀੜ੍ਹੀ ਤੇ ਚਾਦਰ ਕਢਦੀ ਕਦੇ ਕਦੇ ਇਕ ਹੱਥ ਨਾਲ ਪੰਘੂੜੇ ਨੂੰ ਹਿਲਾ ਰਹੀ ਹੈ। ਘਰ ਦੇ ਸਾਮਾਨ ਵਿਚ ਕੁਝ ਤਬਦੀਲੀ–ਤੇ ਉਹਦਾ ਲਿਬਾਸ ਵੀ ਪਹਿਲੇ ਵਾਂਗ ਸਜ ਵਿਆਹੀਆਂ ਵਾਲਾ ਨਹੀਂ)

---

ਦਿਲ ਦੇ ਪੰਘੂੜੇ ਤੇਰੀ ਯਾਦ ਖਿਡਾਵਾਂ ਮਾਹੀਆ।
ਤੇਰੀ ਇਹ ਨਿਸ਼ਾਨੀ ਦਿਤੀ, ਸੀਨੇ ਨਾਲ ਲਾਂਵਾਂ ਮਾਹੀਆ।
ਤੱਕ ਤੱਕ ਕੋਠੇ ਉਤੋਂ, ਭੁਰ ਗਏ ਬਨੇਰੇ ਢੋਲਾ।
ਹੰਝੂਆਂ ਦੇ ਪਾਣੀ ਨਾਲ ਖੁਰ ਗਏ ਬਨੇਰੇ ਢੋਲਾ।
ਕਾਂਵਾਂ ਨੂੰ ਉਡਾਵਾਂ ਨਾਲੇ ਔਂਸੀਆਂ ਮੈਂ ਪਾਂਵਾਂ ਮਾਹੀਆ।
ਦਿਲ ਦੇ ਪੰਘੂੜੇ......

---

ਤੋਪਾਂ ਦੀ ਆਵਾਜ਼ ਭੈੜੀ, ਸੁਤੇ ਨੂੰ ਜਗਾਵੇ ਨਾ
ਖ਼ਾਬ ਇਹਦੇ ਗੋਲੀਆਂ ਦੀ ਅਗਨੀ ਜਲਾਵੇ ਨਾ
ਸੋਹਲ ਸੋਹਲ ਬੁਲ੍ਹੀਆਂ ਨੂੰ ਬੰਬਾਂ ਤੋਂ ਬਚਾਵਾਂ ਮਾਹੀਆ
ਦਿਲ ਦੇ ਪੰਘੂੜੇ....

---

ਡੁਸਕਦੀ ਹੈ ਤਾਂਘ, ਹੌਕੇ ਲੈਂਦਾ ਏ ਪਿਆਰ ਮੇਰਾ
ਆ ਵੀ ਜਾ ਉਡੀਕਦਾ ਏ, ਚੰਨਾ ਤੈਨੂੰ ਲਾਲ ਤੇਰਾ
ਕਿੰਨਾ ਚਿਰ ਦੇ ਕੇ ਇਹਨੂੰ ਲੋਰੀਆਂ ਸੁਲਾਵਾਂ ਮਾਹੀਆ
ਦਿਲ ਦੇ ਪੰਘੂੜੇ ਤੇਰੀ....

---

(ਪੜਦੇ ਦੇ ਪਿਛੋਂ ਿੰਡ ਦੇ ਮੁੰਡੇ ਆਪਣੀ ਮੌਜ ਵਿਚ ਬੋਲੀਆਂ ਪਾਂਦੇ ਹਨ–ਇਧਰ ਜਿਉਂ ਜਿਉਂ ਸਿਪਾਹੀ ਦੀ ਵਹੁਟੀ ਸੁਣਦੀ ਹੈ ਤਾਂ ਦੁਖੀ ਹੁੰਦੀ ਹੈ)

---

ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ,
ਵੇ ਛੁਟੀ ਲੈ ਕੇ ਆ ਜਾ ਨੌਕਰਾਂ।

---

ਮਾਹੀ ਮੇਰਾ ਲਾਮ ਨੂੰ ਗਿਆ,
ਨਾਲੇ ਧਾਰ ਕਢਾਂ ਨਾਲੇ ਰੋਵਾਂ।

---

ਤੇਰੇ ਮਰਨ ਫਰੰਗੀਆਂ ਬਚੜੇ,
ਨਿਤ ਨਵੀਂ ਲਾਮ ਛੇੜਨੈਂ।

---

ਜੇ ਸਿਪਾਹੀਆਂ ਤੂੰ ਗਿਉਂ ਲਾਮ ਨੂੰ, ਲਾ ਕੇ ਮੈਨੂੰ ਝੋਰਾ।
ਬਿਰਹੋਂ ਹੱਡਾਂ ਨੂੰ ਏਦਾਂ ਖਾ ਜਾਊ, ਜਿਉਂ ਛੋਲਿਆਂ ਨੂੰ ਢੋਰਾ।
ਜੰਗ ਵਿਚ ਨਾਂਹ ਜਾਂਈ ਵੇ, ਹੇ ਬਾਗਾਂ ਦਿਆ ਮੋਰਾ।

---

ਇਸ਼ਕ ਤੰਦੂਰ ਹੱਡਾਂ ਦਾ ਬਾਲਣ, ਦੋਜ਼ਖ ਨਾਲ ਤਪਾਵਾਂ!
ਕੱਢ ਕੇ ਕਾਲਜਾ ਕਰ ਲਾਂ ਪੇੜੇ, ਹੁਸਨ ਪਲੇਥਣ ਲਾਵਾਂ!
ਸਿਪਾਹੀਆ ਮੁੜ ਪਉ ਵੇ, ਮੈਂ ਰੋਜ਼ ਔਂਸੀਆਂ ਪਾਵਾਂ!

---

(ਥੋੜ੍ਹਾ ਜਿਹਾ ਚਿਰ ਉਹ ਚਾਦਰ ਕਢਣੀ ਬੰਦ ਕਰ ਕੇ ਸੋਚਦੀ ਹੈ ਕਿ ਇਤਨੇ ਵਿਚ ਇਕ ਪਿੰਡ ਦਾ ਬੰਦਾ ਉਹਦੇ ਕੰਨ ਵਿਚ ਕੁਝ ਕਹਿੰਦਾ ਹੈ। ਜਿਹਨੂੰ ਸੁਣਦੇ ਹੀ ਉਹ ਬਚੇ ਨੂੰ ਚੁਕ ਕੇ ਖੁਸ਼ੀ ਵਿਚ ਨੱਚਣ ਲੱਗ ਪੈਂਦੀ ਏ)

ਨੀ ਮੈਂ ਰੰਡੀਉਂ ਸੁਹਾਗਣ ਹੋਈ,
ਬਈ ਬੰਦੇ ਖਾਣੀ ਲਾਮ ਟੁਟ ਗਈ।
ਵੇਖੋ ਵੇਖੋ ਨੀ ਵਿਛੋੜੇ ਵਾਲੀ ਫਾਹੀਉਂ,
ਮੇਰੀ ਇਹ ਜਵਾਨੀ ਛੁਟ ਗਈ।

---

(ਇਨੇ ਚਿਰ ਨੂੰ ਪਿੰਡ ਦੇ ਕੁਝ ਬੰਦੇ, ਸਿਪਾਹੀ ਨੂੰ ਸਹਾਰਾ ਦਈ ਵਿਹੜੇ ਵਿਚ ਦਾਖਲ ਹੁੰਦੇ ਹਨ। ਸਿਪਾਹੀ ਦੀ ਇਕ ਲੱਤ ਕੋਈ ਨਹੀਂ ਉਹ ਬੇਸਾਖੀ ਦੇ ਸਹਾਰੇ ਤੇ ਜ਼ਖਮੀ ਹਾਲਤ ਵਿਚ ਹੈ। ਉਹਨੂੰ ਵੇਖਦੇ ਹੀ ਵਹੁਟੀ ਦੀ ਸਾਰੀ ਖੁਸ਼ੀ ਦੂਰ ਹੋ ਜਾਂਦੀ ਹੈ ਤੇ ਦੁਖੀ ਹੋ ਕੇ ਕਹਿੰਦੀ ਹੈ:–(ਬਚੇ ਨੂੰ ਇਕ ਬੰਦਾ ਫੜ ਲੈਂਦਾ ਹੈ।)

---

## ਵਹੁਟੀ–

ਐਪਰ ਇਹ ਹਨੇਰ ਕੀ ਹੋਇਆ, ਮੇਰੇ ਢੋਲ ਸਿਪਾਹੀ
ਚੰਨ ਦੇ ਮੁਖੜੇ ਉਤੇ ਕਿਸ ਨੇ ਆ ਕੇ ਫੇਰੀ ਸ਼ਾਹੀ
ਟੁਟ ਗਿਆ ਮੇਰਾ ਇਕ ਛਿਨ ਵਿਚ ਹੀ ਇਹ ਸੁਰਗਾਂ ਦਾ ਝੂਟਾ
ਛਾਂਗ ਦਿਤਾ ਹੈ ਕਿਸ ਵੈਰੀ ਨੇ ਮੇਰਾ ਸਰੂ ਦਾ ਬੂਟਾ
ਜੰਗ ਵਿਚੋਂ ਤੂੰ ਲੈ ਕੇ ਮੁੜਿਆ, ਫੁਲਾਂ ਥਾਂ ਅੰਗਿਆਰੇ
ਹੁਸਨ ਤੇਰੇ ਨੂੰ ਲੂਹ ਸੁਟਿਆ ਹੈ ਦਸ ਕਿਹੜੇ ਹਤਿਆਰੇ
ਪ੍ਰਦੇਸਾਂ ਵਿਚ ਜਾ ਕੇ ਕੀਤੀ, ਤੂੰ ਕੀ ਕਾਰ ਗੁਜ਼ਾਰੀ
ਕਿਸ ਦੀ ਖ਼ਾਤਰ ਇਤਨੀ ਮਹਿੰਗੀ, ਤੂੰ ਇਹ ਕੀਮਤ ਤਾਰੀ

---

(ਉਹ ਸਿਪਾਹੀ ਦੀ ਮੰਜੀ ਦੀ ਬਾਹੀ ਫੜ ਕੇ ਬਹਿ ਜਾਂਦੀ ਹੈ ਤੇ ਸਿਪਾਹੀ ਥੋੜ੍ਹਾ ਕੁ ਸਰਹਾਣੇ ਸਹਾਰੇ ਹੋ ਕੇ ਬੋਲਦਾ ਹੈ)

## ਸਿਪਾਹੀ–

ਇਹ ਨਾਂਹ ਪੁਛ ਜੋ ਕੀਤੀਆਂ ਨੇ, ਮੈਂ ਤਬਾਹੀਆਂ ਜਾਣ ਦੇਹ
ਜੋ ਘੋਲੀਆ ਨੇ ਚਾਨਣੇ ਦੇ ਵਿਚ, ਸਿਹਾਈਆਂ ਜਾਣ ਦੇਹ
ਬਾਰੂਦ ਨਾਲ ਫੂਕੀਆਂ ਨੇ ਜੋ ਉਮੰਗਾਂ ਜਾਣ ਦੇਹ
ਜੋ ਬੂਟਾਂ ਹੇਠ ਤੋੜੀਆਂ ਨੇ ਲਾਲ ਵੰਗਾਂ ਜਾਣ ਦੇਹ
ਮਗਰ ਮੈਂ ਜੀਣਾ ਚਾਹੁੰਦਾ ਹਾਂ ਕਿ ਬਦਲਾ ਕੁਲ ਚੁਕਾ ਦਿਆਂ
ਜੋ ਦਾਗ਼ ਮੇਰੇ ਚਿਹਰੇ ਤੇ ਹੈ ਉਸ ਨੂੰ ਮਿਟਾ ਦਿਆਂ
ਕਿ ਸੱਜ ਵਿਆਹੀਆਂ ਰੰਡੀਆਂ ਨੂੰ ਮੁੜ ਸਹਾਰਾ ਦੇ ਸਕਾਂ
ਜੋ ਤਾਰਾਂ ਤੋੜੀਆਂ ਨੇ ਉਹਨਾਂ ਨੂੰ ਮੈਂ ਰਾਗ ਦੇ ਸਕਾਂ
ਜੋ ਲੜਦਾ ਦੇਸ਼ ਦੀ ਜ਼ਮੀਨ ਤੇ ਮੈਂ ਕਸ ਕੇ ਵਰਦੀਆਂ
ਨਾਂਹ ਇਸ ਤਰ੍ਹਾਂ ਦਲੇਰੀਆਂ ਸਿਸਕ ਕੇ ਹੌਕੇ ਭਰਦੀਆਂ
ਮੈਂ ਜੀਣਾਂ ਚਾਹੁੰਦਾ ਇਸ ਲਈ ਬਚਾ ਲਵੇ ਬਚਾ ਲਵੇ
ਤੇ ਜ਼ਿੰਦਗੀ ਨੂੰ ਮੌਤ ਦੀ ਜ਼ੰਜੀਰ ਚੋਂ ਛੁੜਾ ਲਵੇ

## ਵਹੁਟੀ–

ਤੇਰੀ ਆਈ ਮੈਂ ਮਰ ਜਾਂ, ਤੈਨੂੰ ਤਾਪ ਚੜ੍ਹੇ ਮੈਂ ਹੂੰਗਾ।
ਨਾਂਹ ਜਾਈਂ ਮਾਹੀਆ ਵੇ, ਗਾਂਦੇ ਗੀਤ ਬਣਾ ਕੇ ਕੂਕਾਂ।
ਤੇਰੇ ਬਿਨਾਂ ਹੇ ਢੋਲਣਾਂ, ਕਿਥੇ ਚੰਦਰੀ ਜਵਾਨੀ ਫੂਕਾਂ।
ਮੇਰੀ ਇਹ ਯਤੀਮ ਜ਼ਿੰਦੜੀ, ਕਿਵੇਂ ਸਹੂ ਵੇ ਹਿਜਰ ਦੀਆਂ ਹੂਕਾਂ।

---

(ਜ਼ਖਮੀ ਸਿਪਾਹੀ ਦੀ ਹਾਲਤ ਖਰਾਬ ਹੁੰਦੀ ਜਾਂਦੀ ਹੈ ਤੇ ਮਰਨ ਦੀਆਂ ਨਿਸ਼ਾਨੀਆਂ ਉਹਦੀ ਹਰਕਤ ਚੋਂ ਜ਼ਾਹਰ ਹੁੰਦੀਆਂ ਹਨ)

## ਸਿਪਾਹੀ–

ਸਿਸਕ ਸਿਸਕ ਕੇ ਮੇਰੀ ਜ਼ਿੰਦਗੀ ਦਾ ਰਾਗ ਸੌਂ ਗਿਆ
ਮੇਰਾ ਮਲ੍ਹਾਰ ਸੌਂ ਗਿਆ, ਮੇਰਾ ਬਿਹਾਗ ਸੌਂ ਗਿਆ
ਲੈ ਸੌਂ ਗਿਆ ਸਦਾ ਲਈ ਤੇਰਾ ਸੋਹਾਗ ਸੌਂ ਗਿਆ
ਮੈਂ ਤੇਰੇ ਜੀਣ ਰਥ ਦੀ ਪਕੜ ਕੇ ਵਾਗ ਸੌਂ ਗਿਆ
ਮੈਂ ਸੌਂ ਗਿਆ ਮਗਰ ਮੁਨਾਫਿਆਂ ਦਾ ਦੇਵ ਜਾਗਿਆ
ਜੋ ਲਹਿ ਲਹਾਂਦੀ ਜ਼ਿੰਦਗੀ ਦੇ ਹਾਸਿਆਂ ਨੂੰ ਖਾ ਗਿਆ।
ਮੈਂ ਜਾ ਰਿਹਾ, ਮੈਂ ਜਾ ਰਿਹਾ....

ਮੈਂ ਜਾ ਰਿਹਾ ਮਗਰ ਮੇਰਾ ਹੈ ਰੋਮ ਰੋਮ ਕੂਕਦਾ
ਵਤਨ ਤੋਂ ਬਾਹਰ ਮੈਂ ਰਿਹਾ ਕਿਉਂ ਹਾਸਿਆਂ ਨੂੰ ਫੂਕਦਾ
(ਉਹ ਬੇਸਾਖੀ (ਲਕੜ ਦੀ ਲੱਤ) ਵਹੁਟੀ ਨੂੰ ਫੜਾ ਦੇਂਦੇ ਹੈ)
ਮੈਂ ਜਾ ਰਿਹਾ, ਮੈਂ ਜਾ ਰਿਹਾ....
ਉਹ ਵੇਖ ਮੈਨੂੰ ਵੇਖ ਕੇ ਹੈ ਜੰਗ ਬਾਜ਼ ਹਸ ਰਿਹਾ
ਤਜੌਰੀਆਂ ਦੇ ਆਫਰੇ ਹੋਏ ਪੇਟ ਨੂੰ ਹੈ ਕਸ ਰਿਹਾ
ਮੈਂ ਜਾ ਰਿਹਾ....

(ਸਿਪਾਹੀ ਮਰ ਜਾਂਦਾ ਹੈ ਤੇ ਵਹੁਟੀ ਦੇ ਚਿਹਰੇ ਤੇ ਰੋਣ ਦੀ ਥਾਂ ਗੁਸਾ ਆ ਜਾਂਦਾ ਹੈ । ਉਹ ਆਪਣੇ ਬਚੇ ਨੂੰ ਛਾਤੀ ਨਾਲ ਘੁਟ ਲੈਂਦੀ ਹੈ) (ਪੜਦਾ)

# ਤੀਜਾ ਸੀਨ

ਸੰਨ ੧੯੫੦-ਤੀਜੀ ਜੰਗ ਦਾ ਡਰ-ਉਹੋ ਘਰ ਸਾਮਾਨ ਬਦਲਿਆ ਹੋਇਆ-ਵਹੁਟੀ ਦੀ ਉਮਰ ਤੇ ਲਿਬਾਸ ਵਿਚ ਫਰਕ-ਤੇ ਉਹ ਵੇਹੜੇ ਵਿਚ ਬੈਠੀ ਚਰਖਾ ਕੱਤ ਰਹੀ ਹੈ। ਇਨੇ ਚਿਰ ਨੂੰ ਉਹਦਾ ੯ ਕੁ ਸਾਲ ਦਾ ਮੁੰਡਾ ਅੰਦਰੋਂ ਉਹੋ ਲਕੜ ਦੀ ਲੱਤ (ਬੈਸਾਖੀ) ਲਈ ਮਾਂ ਕੋਲ ਆ ਜਾਂਦਾ ਹੈ ਤੇ ਪੁਛਦਾ ਹੈ-)

## ਲੜਕਾ-

ਵੇਖ ਨੀ ਮਾਂ ਮੈਂ ਪਿਛਲੇ ਅੰਦਰੋਂ ਕੀ ਸ਼ੈ ਲੱਭ ਲਿਆਂਦੀ
ਹਰ ਪਾਸੇ ਤੋਂ ਵੇਖ ਚੁਕਾ ਹਾਂ ਉਕਾ ਸਮਝ ਨਹੀਂ ਆਂਦੀ
ਨਾਹ ਲਕੜ ਦਾ ਘੋੜਾ ਜਾਪੇ ਜਿਹੜਾ ਦਏ ਅਸਵਾਰੀ
ਖੂੰਡੀ ਵੀ ਨਹੀਂ ਜਿਸ ਦੀ ਮੇਰੇ ਖਿਦੋ ਦੇ ਸੰਗ ਯਾਰੀ
ਜਾਂ ਫਿਰ ਹੋਰ ਖਿਡੌਣਾ ਹੈ ਜੋ ਮੈਨੂੰ ਸਮਝ ਨਹੀਂ ਆਇਆ
ਦਸ ਨੀ ਮਾਂ ਇਹ ਸਾਡੇ ਘਰ ਵਿਚ ਕਿਥੋਂ ਕੌਣ ਲਿਆਇਆ

---

(ਮਾਂ ਹੈਰਾਨ ਹੋ ਜਾਂਦੀ ਹੈ-ਤੇ ਬਸਾਖੀ ਨੂੰ ਹੱਥ ਵਿਚ ਫੜਕੇ ਕਹਿੰਦੀ ਹੈ)

## ਮਾਂ-

ਵੇ ਪੁਤਰਾ ਤੂੰ ਇਹ ਕੀ ਕੀਤਾ ਇਹ ਕਿਉਂ ਚੁਕ ਲਿਆਂਦੀ

ਇਸ ਦੇ ਵਿਚੋਂ ਸ਼ਕਲ ਕਿਸੇ ਦੀ ਮੇਰੇ ਵਲ ਮੁਸਕਾਂਦਾ
ਕੀ ਪੁਛਿਆ ਈ ਕਿਥੋਂ ਆਈ, ਇਸ ਨੂੰ ਕਿਸ ਲਿਆਂਦਾ
ਚੰਗਾ ਹੁੰਦਾ ਜੇ ਜ਼ਖਮਾਂ ਨੂੰ ਤੂੰ ਨਸ਼ਤਰ ਨਾਂਹ ਲਾਂਦਾ
ਤੇਰੇ ਜਮਣ ਤੋਂ ਕੁਝ ਪਹਿਲਾਂ ਇਥੋਂ ਦੂਰ ਪਰੇਰੇ
ਆਈ ਡੈਣ ਇਕ ਕਲ ਮੂੰਹੀ, ਲੈ ਕੇ ਨਾਲ ਹਨੇਰੇ
ਉਹਦੀ ਭੇਟਾ ਦੇ ਲਈ ਬੰਦੇ, ਹਰ ਥਾਂ ਗਏ ਖਰੀਦੇ
ਧਿੰਗੋ ਜ਼ੋਰੀ ਖੋਹ ਕੇ ਲੈ ਗਏ, ਉਹ ਮਾਵਾਂ ਦੇ ਦੀਦੇ
ਮਨ ਵਿਆਹੇ ਗਭਰੂ ਦਾ ਕੋਈ, ਫੜਦੀ ਰਹਿ ਗਈ ਪਲਾ
ਉਂਗਲਾਂ ਦੇ ਵਿਚ ਘੁਟਣ ਲੱਗੀ, ਕੋਈ ਚੀਚੀ ਦਾ ਛੱਲਾ
ਤੇਰੇ ਪਿਉ ਨੂੰ ਵੀ ਕੁਝ ਸਿਕੇ ਦੇ ਜਰਵਾਣੇ ਲੈ ਗਏ
ਮੇਰੇ ਦਿਲ ਦੇ ਸਾਰੇ ਜਜ਼ਬੇ, ਰੋ ਰੋ ਹੇਠਾਂ ਬਹਿ ਗਏ
ਜਿਸ ਵੇਲੇ ਉਹ ਡਾਇਣ ਰੱਜੀ, ਖਾਂ ਬੰਦਿਆਂ ਦੇ ਡਕਰੇ
ਮੁੜੇ ਘਰਾਂ ਨੂੰ ਭਜੇ ਟੁਟੇ, ਉਹ ਭੇਟਾ ਦੇ ਬਕਰੇ
ਉਸ ਵੇਲੇ ਤੇਰਾ ਪਿਉ ਆਇਆ, ਖਟ ਕੇ ਇਹ ਕਮਾਈ
ਉਸ ਲੱਕੜ ਦੀ ਲੱਤ ਲਿਆਂਦੀ, ਅਸਲੀ ਲੱਤ ਗਵਾਈ
ਜਿੰਦ ਲੈਣੇ ਕੁਝ ਛਰੇ ਉਹਦੇ, ਪੱਟ ਦੇ ਅੰਦਰ ਰਹਿ ਗਏ
ਜ਼ਹਿਰ ਬਣੇ ਉਹ ਤੇਰੇ ਪਿਉ ਨੂੰ ਮੈਥੋਂ ਖੋਹ ਕੇ ਲੈ ਗਏ
ਇਹ ਤੇਰੇ ਅਣ ਜਾਣੇ ਪਿਉ ਦੀ ਬਚਿਆ ਰਹੀ ਨਿਸ਼ਾਨੀ
ਜਿਸ ਦੇ ਵਿਚੋਂ ਝਲਕ ਰਹੀ ਹੈ, ਉਹਦੀ ਮਸਤ ਜਵਾਨੀ
ਇਸ ਦੇ ਅੰਦਰ ਲੁਕੀਆਂ ਸੱਧਰਾਂ, ਮੇਰੀਆਂ ਸੱਜ ਵਿਆਹੀਆਂ
ਉਸ ਡਾਇਣ ਦੇ ਢਿੱਡ ਜੋ ਪੈ ਕੇ, ਮੜ ਨਾਂਹ ਨਜ਼ਰੀਂ ਆਈਆਂ
ਅੱਜ ਮੁੜ ਸੁਣਨੀ ਆਂ ਉਹ ਡੈਣ ਲੈ ਦੈਂਤਾਂ ਦੀ ਢਾਣੀ
ਸਾਡੇ ਨੇੜੇ ਆ ਪਹੁੰਚੀ ਏ, ਹਾਸੇ ਖੁਸ਼ੀਆਂ ਖਾਣੀ
ਐਪਰ ਅੱਜ ਰੰਡੇਪਾ ਮੇਰਾ, ਜਾਗਿਆ ਲੈ ਅੰਗੜਾਈ
ਅੱਜ ਗੁਸੇ ਨੇ ਮੇਰੇ ਦਿਲ ਦੀ ਅਗਨੀ ਹੈ ਭੜਕਾਈ

ਇਸ ਦੇ ਵਿੱਚ ਪਾੜੂ ਨਹੂੰਆਂ ਨੂੰ ਉਕਾ ਝਾੜ ਦਿਆਂਗੀ
ਜੋ ਲਕੜ ਦੀਆਂ ਲੱਤਾਂ ਜੰਮੇਂ ਓਹ ਕੁਖ ਸਾੜ ਦਿਆਂਗੀ
ਆ ਤੈਨੂੰ ਛਾਤੀ ਨਾਲ ਘੁਟਾਂ, ਇਸ ਨੂੰ ਤੀਲੀ ਲਾਵਾਂ
ਜੀਉਂਦੇ ਰਹਿਣ ਹਮੇਸ਼ਾਂ ਤੇੜੀ, ਪੁਤਰ ਪਿਉ ਤੇ ਮਾਵਾਂ
ਉਹ ਤੱਕ ਨੀਲਾ ਝੰਡਾ ਝੂਲੇ, ਸਾਡੇ ਘਰ ਦੇ ਸਾਹਵੇਂ
ਆ ਟੁਰ ਦੋਵੇਂ ਚਲ ਖਲੋਈਏ, ਉਸ ਝੰਡੇ ਦੀ ਛਾਵੇਂ
(ਉਹ ਉਸ ਲਕੜ ਦੀ ਲੱਤ ਨੂੰ ਸਾੜ ਦੇਂਦੀ ਹੈ–ਤੇ ਪੁਤਰ ਨੂੰ ਛਾਤੀ ਨਾਲ ਘੁਟ ਲੈਂਦੀ ਹੈ)

(ਪੜਦਾ)

★